# ਸਰਵ ਸਿੱਖਿਆ ਅਭਿਆਨ ਅਥਾਰਟੀ,ਪੰਜਾਬ

ਐਸ.ਸੀ.ਓ-104-106, ਸੈਕਟਰ- 34 ਏ, ਚੰਡੀਗੜ੍ਹ ਫੋਨ ਨੰ- 0172- 2623207

ਜਨਤਕ ਸੂਚਨਾ

1.0 ਸਰਵ ਸਿੱਖਿਆ ਅਭਿਆਨ ਅਥਾਰਟੀ ਪੰਜਾਬ ਵਲੋ ਅਕਾਊਟੈਂਟ ਦੀਆਂ ਅਸਾਮੀਆਂ ਲਈ ਵਿਗਿਆਪਨ ਮਿਤੀ 15.10.2010 ਨੂੰ ਅਜੀਤ, ਟ੍ਰਿਬਿਊਨ, ਦੈਨਿਕ ਜਾਗਰਣ ਆਦਿ ਵਿੱਚ ਪ੍ਰਕਾਸ਼ਿਤ ਕੀਤਾ ਗਿਆ ਸੀ, ਜਿਸ ਦੇ ਤਹਿਤ ਉਮੀਦਵਾਰਾਂ ਨੇ ਆਨਲਾਈਨ ਅਪਲਾਈ ਕੀਤਾ ਸੀ, ਜਿਸ ਦਾ ਲਿਖਤੀ ਟੈਸਟ ਮਿਤੀ 21/11/2010 ਨੂੰ ਲਿਆ ਗਿਆ ਸੀ, ਇਸ ਟੈਸਟ ਵਿੱਚ ਸਫਲ ਹੋਏ ਉਮੀਦਵਾਰਾਂ ਨੂੰ ਐਸ.ਐਸ.ਏ ਅਧੀਨ ਅਸਾਮੀਆਂ ਭਰਨ ਲਈ ਪਹਿਲੀ ਕਾਉਨਸਲਿੰਗ ਮਿਤੀ 10.12.2010 ਨੂੰ ਅਤੇ ਦੂਜੀ ਕਾਉਨਸਲਿੰਗ ਮਿਤੀ 14.1.2011 ਨੂੰ ਐਸ.ਏ.ਐਸ ਨਗਰ (ਮੋਹਾਲੀ) ਵਿਖੇ ਕੀਤੀ ਗਈ ਸੀ।

2.0 ਜਿਸ ਦੀ ਲਗਾਤਾਰਤਾ ਵਿੱਚ ਐਸ.ਐਸ.ਏ ਅਧੀਨ ਅਕਾਊਟੈਂਟ ਦੀਆਂ ਖਾਲੀ ਰਹਿ ਗਈਆਂ ਪੋਸਟਾਂ ਭਰਨ ਲਈ ਤੀਜੀ ਕਾਉਨਸਲਿੰਗ ਮਿਤੀ 19.12.2011 ਨੂੰ ਭਰਤੀ ਸਾਖਾ, ਪੰਜਾਬ ਐਸ.ਸੀ.ਓ. 130-131 ਤੀਜੀ ਮੰਜੀਲ ਸੈਕਟਰ 34-ਏ, ਚੰਡੀਗੜ੍ਹ ਵਿੱਚ ਸਵੇਰੇ 9:00 ਵਜੇ ਹੇਠ ਲਿਖੇ ਵੇਰਵੇ ਅਨੁਸਾਰ ਹੋਵੇਗੀ।

<u>ਕਾਊਂਸਲਿੰਗ ਦਾ ਵੇਰਵਾ</u>

| ਲੜੀ ਨੰ | ਕੈਟਾਗਰੀ | ਮੈਰਿਟ |
|---|---|---|
| 1. | ਜਨਰਲ | 40.25 ਤੋ 39 ਤੱਕ |

ਜ਼ਰੂਰੀ ਨੋਟ:

1) ਪਹਿਲਾ ਅਤੇ ਦੂਜੀ ਕਾਊਸਲਿੰਗ ਵਿੱਚ ਅਣਉਪਸਥਿਤ ਉਮੀਦਵਾਰ ਵੀ ਇਸ ਕਾਉਨਸਲਿੰਗ ਲਈ ਆ ਸਕਦੇ ਹਨ ਪਰੰਤੂ ਕੇਵਲ ਕਾਉਨਸਲਿੰਗ ਵਿੱਚ ਹਾਜਰ ਹੋਣ ਨਾਲ ਕਿਸੇ ਉਮੀਦਵਾਰ ਦਾ ਨਿਯੁਕਤੀ ਲਈ ਅਧਿਕਾਰ ਨਹੀ ਬਣ ਜਾਵੇਗਾ।

2) ਇਥੇ ਇਹ ਵੀ ਸਪਸ਼ਟ ਕੀਤੀ ਜਾਂਦਾ ਹੈ ਕਿ ਐਸ.ਐਸ.ਏ ਅਧੀਨ ਖਾਲੀ ਰਹਿ ਗਈਆਂ ਅਸਾਮੀਆਂ ਭਰਨ ਖਾਲੀ ਅਸਾਮੀਆਂ ਨਾਲੋ ਵੱਧ ਉਮੀਦਵਾਰਾਂ ਨੂੰ ਬੁਲਾਇਆ ਗਿਆ ਹੈ ਪਰ ਨਿਯੁਕਤੀ ਕੇਵਲ ਮੈਰਿਟ / ਉਪਲਬਧ ਖਾਲੀ ਅਸਾਮੀਆਂ ਦੀ ਗਿਣਤੀ ਦੇ ਅਧਾਰ ਤੇ ਹੀ ਕੀਤੀ ਜਾਵੇਗੀ।

3) ਜੇਕਰ ਕਿਸੇ ਉਮੀਦਵਾਰਾਂ ਦੀ ਮੈਰਿਟ ਇਕੋ ਜਿਹੀ ਹੋਵੇ ਤਾਂ ਉਹਨ੍ਹਾਂ ਦੀ ਨਿਯੁਕਤੀ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕੀਤੀ ਜਾਵੇਗੀ।

4) ਕਾਉਨਸਲਿੰਗ ਵਿੱਚ ਕੇਵਲ ਉਹੀ ਉਮੀਦਵਾਰ ਹਾਜ਼ਰ ਹੋਣ, ਜਿਹਨ੍ਹਾਂ ਨੂੰ ਉਪਰੋਕਤ ਕਟ ਆਫ ਮੈਰਿਟ ਅਨੁਸਾਰ ਕਾਉਨਸਲਿੰਗ ਵਿੱਚ ਬੁਲਾਇਆ ਗਿਆ ਹੈ ਜੇਕਰ ਕਿਸੇ ਉਮੀਦਵਾਰ ਕੋਲ ਕੋਈ ਦਸਤਾਵੇਜ਼ ਕਾਉਨਸਲਿੰਗ ਵਿੱਚ ਉਪਲਬਧ ਨਹੀ ਹੋਵੇਗਾ ਤਾਂ ਉਸ ਨੂੰ ਅਯੋਗ ਘੋਸ਼ਿਤ ਕੀਤਾ ਜਾਵੇਗਾ ਅਤੇ ਬਾਅਦ ਵਿੱਚ ਉਸ ਨੂੰ ਇਸ ਨਿਯੁਕਤੀ ਲਈ ਨਹੀ ਵਿਚਾਰਿਆ ਜਾਵੇਗਾ।

5) ਕਾਉਨਸਲਿੰਗ ਵਿੱਚ ਲੋੜੀਦੇ ਦਸਤਾਵੇਜ਼ :-

ਰੋਲ ਨੰਬਰ ਸਲਿਪ, ਇਕ ਪਾਸਪੋਰਟ ਸਾਇਜ ਫੋਟੋ, ਸਾਰੇ ਅਸਲ ਦਸਤਾਵੇਜ਼, ਜਾਤੀ ਸਬੰਧੀ ਦਸਤਾਵੇਜ਼, ਕੈਟਾਗਿਰੀ ਸਬੰਧੀ ਦਸਤਾਵੇਜ਼, ਰਿਹਾਇਸੀ ਸਰਟੀਫਿਕੇਟ ਅਤੇ ਉਹਨਾਂ ਦੀਆਂ ਤਸਦੀਕ ਸ਼ੁਦਾ ਫੋਟੋ ਕਾਪੀਆਂ ਆਦਿ।

ਉਮੀਦਵਾਰਾਂ ਨੂੰ ਸੂਚਿਤ ਕੀਤਾ ਜਾਦਾ ਹੈ ਕਿ ਉਹ ਵਿਭਾਗ ਦੀ ਵੈਬਸਾਈਟ <u>www.ssapunjab.org</u> ਤੇ ਆਉਣ ਤੋ ਪਹਿਲਾਂ ਆਪਣਾ ਨਾਂ ਚੈਕ ਕਰ ਲੈਣ ਜੀ।

**ਡਿਪਟੀ ਡਾਇਰੈਕਟਰ**
**ਭਰਤੀ ਸ਼ਾਖਾ,ਸੈਕਟਰ 34-ਏ,**
**ਚੰਡੀਗੜ੍ਹ।**